# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

**ਵੱਲ ,**

ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ)
ਰਾਜ ਦੇ ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀਂ)
ਪੰਜਾਬ ।

**ਮੀਮੋ ਨੰ: ਸਸਅ/ਐਮ.ਸੀ/2012/ 80377-418**
**ਮਿਤੀ,ਚੰਡੀਗੜ੍ਹ : 29-05-2012**

**ਵਿਸ਼ਾ:- CCE ਸਬੰਧੀ।**

**ਹਵਾਲਾ: ਸਸਅ/ਐਮ.ਸੀ/2012/ 79665-706,ਮਿਤੀ:16.05.2012**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ CCE ਦੇ ਸੋਧੇ ਹੋਏ ਮਾਡਲ ਮੁਤਾਬਿਕ,ਵਿਦਿਆਰਥੀਆਂ ਦਾ ਸਰਵ-ਪੱਖੀ ਮੁਲਾਂਕਣ ਕੀਤਾ ਜਾ ਰਿਹਾ ਹੈ।ਇਸ ਸਬੰਧੀ ਪਹਿਲਾਂ ਦਿੱਤੀਆਂ ਗਈਆਂ ਗਾਈਡਲਾਈਨਜ਼ ਮੁਤਾਬਿਕ ਸਾਲ ਵਿੱਚ ਚਾਰ ਵਾਰ ਲਏ ਜਾਣ ਵਾਲੇ ਫਾਰਮੇਟਿਵ ਅਤੇ ਦੋ ਵਾਰ ਸੁਮੇਟਿਵ ਮੁਲਾਂਕਣ ਨੂੰ ਵਿਦਿਆਰਥੀਆਂ ਵਲੋਂ ਪ੍ਰਾਪਤ ਅੰਕਾਂ ਤੇ ਅਧਾਰਿਤ ਗ੍ਰੇਡ ਦੋਹਾਂ ਰੂਪ ਵਿੱਚ ਵਿਸ਼ਾਵਾਰ ਅਧਿਆਪਕ ਰਾਹੀਂ ਦਰਜ ਕੀਤਾ ਜਾਣਾ ਹੈ। ਇਸ ਲਈ ਅਧਿਆਪਕ ਵਰਗ ਦੀ ਸਹੂਲਤ ਲਈ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਜਾਣਕਾਰੀ ਲਈ conversion ਟੇਬਲ ਭੇਜੇ ਜਾ ਰਹੇ ਹਨ ,ਜਦਕਿ ਵਿਦਿਆਰਥੀਆਂ ਦੇ ਸਲਾਨਾ ਸਮੁੱਚਾ ਮੁਲਾਂਕਣ ਲਈ 100 ਅੰਕਾਂ ਦੇ ਗ੍ਰੇਡ ਦਾ conversion ਟੇਬਲ ਪਹਿਲਾ ਹੀ ਭੇਜਿਆ ਜਾ ਚੁੱਕਿਆ ਹੈ।

**1.0** Formative ਮੁਲਾਂਕਣ ਦਰਜ ਕਰਨ ਲਈ ਜਦੋਂ ਮਈ , ਅਗਸਤ,ਨਵੰਬਰ,ਜਨਵਰੀ ਵਿੱਚ $FA_1$ , $FA_2$ , $FA_3$ , $FA_4$ ਮੁਲਾਂਕਣ ਹੋਵੇਗਾ ਤਾਂ 40 ਵਿਚੋਂ ਪ੍ਰਾਪਤ ਅੰਕਾਂ ਲਈ /ਵਿਦਿਆਰਥੀਆਂ ਦੁਆਰਾ ਪ੍ਰਾਪਤ ਅੰਕਾਂ ਦਾ ਚੋਥੇ ਹਿੱਸੇ ਲਈ ਭਾਵ 10 ਵਿੱਚੋਂ ਪ੍ਰਾਪਤ ਅੰਕਾਂ ਅਨੁਸਾਰ ਗ੍ਰੇਡ ਦਰਜ ਕਰਨ ਲਈ ਹੇਠਾਂ ਦਿੱਤਾ conversion ਟੇਬਲ ਵਰਤਿਆ ਜਾ ਸਕਦਾ ਹੈ :-

| ਕੁੱਲ ਅੰਕ | ਰੇਂਜ਼ | ਗ੍ਰੇਡ |
|---|---|---|
| **10 ਵਿੱਚੋਂ** | 8 - 10 | A |
| | 6.5 - 7.9 | B |
| | 5 - 6.4 | C |
| | 3.5 - 4.9 | D |
| | 0 - 3.4 | E |

**2.0** SA (summative) ਮੁਲਾਂਕਣ ਵਿੱਚ **:** $SA_1$ ਸਤੰਬਰ ਅਤੇ $SA_2$ ਮਾਰਚ ਵਿੱਚ ਵਿਦਿਆਰਥੀਆਂ ਦਾ summative ਮੁਲਾਂਕਣ ਹੋਣਾ ਹੈ। ਜਿਸ ਵਿੱਚ 90 ਵਿੱਚੋਂ ਪ੍ਰਾਪਤ ਅੰਕਾਂ ਨੂੰ ਤੀਜੇ ਹਿੱਸੇ (30 ਅੰਕਾਂ ਵਿੱਚੋਂ)ਵਿੱਚ ਕਰਨ ਉਪਰੰਤ ਗ੍ਰੇਡ ਵਿੱਚ ਮੁਲਾਂਕਣ ਦਰਜ ਕਰਨ ਲਈ ਹੇਠਾਂ ਦਿੱਤਾ conversion ਟੇਬਲ ਵਰਤਿਆ ਜਾ ਸਕਦਾ ਹੈ :-

| ਕੁੱਲ ਅੰਕ | ਰੇਂਜ਼ | ਗ੍ਰੇਡ |
|---|---|---|
| **30 ਵਿੱਚੋਂ** | 24 - 30 | A |
| | 19.5 - 23.9 | B |
| | 15 - 19.4 | C |
| | 10.5 - 14.9 | D |
| | 0 - 10.4 | E |

**3.0** ਸਲਾਨਾ ਸਮੁੱਚੇ ਮੁਲਾਂਕਣ ਲਈ ਪਹਿਲਾਂ ਦਿੱਤਾ conversion ਟੇਬਲ ਉਹੀ ਰਹੇਗਾ :-

| ਕੁੱਲ ਅੰਕ | ਰੇਂਜ਼ | ਗ੍ਰੇਡ |
|---|---|---|
| **100 ਵਿੱਚੋਂ** | 80 - 100 | A |
| | 65 - 79 | B |
| | 50 - 64 | C |
| | 35 - 49 | D |
| | 0 - 34 | E |

**4.0** ਦੁਬਾਰਾ ਸਪਸ਼ੱਟ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਦੇ ਮੁਲਾਂਕਣ ਲਈ ਵਿਸਤ੍ਰਿਤ ਟਿੱਪਣੀ ਸਿਰਫ ਜਮਾਤ ਇੰਚਾਰਜ ਵਲੋਂ ਸਾਲ ਵਿੱਚ ਦੋ ਵਾਰ ਸਤੰਬਰ ਅਤੇ ਮਾਰਚ ਵਿੱਚ ਕੀਤੀ ਜਾਵੇਗੀ।

**5.0** ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਐਜੂਕਸ਼ਨ**
**-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਅਨ ਅਥਾਰਟੀ**
**ਪੰਜਾਬ,ਚੰਡੀਗੜ੍ਹ**

**ਪਿਠ ਅੰਕਣ ਨੰ: ਸਸਅ/ਐਮ.ਸੀ/2012/ 80418** **ਮਿਤੀ,ਚੰਡੀਗੜ੍ਹ: 29-05-2012**

ਇਸ ਦਾ ਉਤਾਰਾ DM(MIS) ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

**ਡਾਇਰੈਕਟਰ ਜਨਰਲ ਸਕੂਲ ਐਜੂਕਸ਼ਨ**
**-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਅਨ ਅਥਾਰਟੀ**
**ਪੰਜਾਬ,ਚੰਡੀਗੜ੍ਹ**